


## ਜ਼ਿਲ੍ਹੇ ਦੇ ਸਮੂਹ ਬੈਂਕ ਹੁਣ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ ਰਹਿਣਗੇ ਖੁੱਲ੍ਹੇ -ਜ਼ਿਲ੍ਹਾ ਮੈਜਿਸਟ੍ਰੇਟ

### 10 ਵਜੇ ਤੋਂ 4 ਵਜੇ ਤੱਕ ਬੈਕਾਂ 'ਚ ਪਬਲਿਕ ਡੀਲਿੰਗ


ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਹੰਸ

ਮੋਗਾ / ਭਵਨਦੀਪ ਸਿੰਘ ਪੁਰਬਾ

ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸੰਦੀਪ ਹੰਸ ਨੇ ਦੱਸਿਆ ਕਿ ਆਮ ਲੋਕਾਂ ਦੀਆ ਜਰੂਰਤਾਂ ਨੂੰ ਮੁੱਖ ਰੱਖਦੇ ਹੋਏ ਇਸ ਦਫ਼ਤਰ ਵੱਲੋ ਜਾਰੀ ਕੀਤੇ ਗਏ ਬੈਕਾਂ ਦੇ ਸਮੇ ਸਬੰਧੀ ਹੁਕਮਾਂ ਵਿੱਚ ਬਦਲਾਅ ਕਰਦੇ ਹੋਏ ਹੁਣ ਜ਼ਿਲ੍ਹੇ ਦੇ ਸਮੂਹ ਬੈਕਾਂ ਨੂੰ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ ਖੋਲ੍ਹਣ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ।

ਸ੍ਰੀ ਸੰਦੀਪ ਹੰਸ ਨੇ ਦੱਸਿਆ ਕਿ ਬੈਕਾਂ ਦੀ ਪਬਲਿਕ ਡੀਲਿੰਗ ਦਾ ਸਮਾਂ ਸਵੇਰੇ 10 ਵਜੇ ਤੋ ਸ਼ਾਮ 4 ਵਜੇ ਤੱਕ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਮਨਜ਼ੂਰੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਬੈਕਾਂ ਵਿੱਚ ਉਕਤ ਕੰਮ ਕਰਦੇ ਸਮੇ ਹੱਥਾਂ ਨੂੰ ਵਾਰ ਵਾਰ ਸਾਬਣ ਨਾਲ ਧੋਣ, ਹੈਡ ਸੈਨੀਟਾਈਜਰ, ਮਾਸਕ, ਦਸਤਾਨਿਆਂ ਦੀ ਵਰਤੋ ਕਰਨਾ ਯਕੀਨੀ ਬਣਾਉਣਗੇ ਅਤੇ ਸਮਾਜਿਕ ਦੂਰੀ ਕਾਇਮ ਰੱਖਣਗੇ।

ਸਿਹਤ ਵਿਭਾਗ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜੇਕਰ ਕੋਈ ਵਿਅਕਤੀ ਬਿਨ੍ਹਾਂ ਮਾਸਕ ਤੋ ਪਾਇਆ ਜਾਂਦਾ ਹੈ ਤਾਂ ਉਸ ਦਾ 200 ਰੁਪਏ ਅਤੇ ਅਜਿਹੇ ਵਿਅਕਤੀਆਂ ਵੱਲੋ ਜਨਤਕ ਥਾਵਾਂ ਤੇ ਥੁੱਕਣ ਤੇ 100 ਰੁਪਏ ਦਾ ਜੁਰਮਾਨਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਪਰੋਕਤ ਹੁਕਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਪ੍ਰਾਈਵੇਟ ਬੈਕਾਂ ਵਾਲੇ ਗਰੀਬ ਲੋਕਾਂ ਨੂੰ ਤੰਗ ਪਰੇਸਾਨ ਕਰਨਾ ਬੰਦ ਕਰਨ -ਜਗਮੋਹਨ ਸਿੰਘ ਸਮਾਧ ਭਾਈ



ਬਾਘਾਪੁਰਾਣਾ/ ਰਾਜਿੰਦਰ ਸਿੰਘ ਕੋਟਲਾ

ਲੋਕ ਇਨਸਾਫ ਪਾਰਟੀ ਦੀ ਟੀਮ ਨੇ ਪ੍ਰਾਈਵੇਟ ਬੈਕਾਂ ਤੋ ਪੀੜਤ ਮੋਗਾ ਜਿਲ੍ਹੇ ਦੇ ਪਿੰਡ ਵੱਡਾ ਘਰ, ਛੋਟਾ ਘਰ, ਕੋਰੇਵਾਲਾ ਅਤੇ ਥੰਮਣ ਵਾਲਾ ਦੀਆ ਗਰੀਬ ਔਰਤਾਂ ਦੀਆਂ ਮੁਸਕਲਾਂ ਸੁਣੀਆ। ਮੁਸਕਲਾਂ ਸੁਣਨ ਤੋ ਬਾਅਦ ਲੋਕ ਇਨਸਾਫ ਪਾਰਟੀ ਦੇ ਜਿਲ੍ਹਾ ਪ੍ਰਧਾਨ ਜਗਮੋਹਨ ਸਿੰਘ ਸਮਾਧ ਭਾਈ ਨੇ ਪੀੜਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕੇ ਸਰਕਾਰ ਵੱਲੋ ਬੈਕਾਂ ਨੂੰ ਅਦੇਸ਼ ਦਿੱਤੇ ਗਏ ਹਨ ਕੇ ਜਿੰਨਾ ਦੇਰ ਲਾਕ ਡੌਨ ਚੱਲ ਰਿਹਾ ਹੈ ਕੋਈ ਵੀ ਬੈਕ ਲੋਕਾਂ ਪਾਸੋ ਪੈਸੇ ਦੀ ਮੰਗ ਨਹੀ ਕਰੇਗੀ। ਜੇਕਰ ਕੋਈ ਬੈਕ ਜਾਂ ਉਸ ਦਾ ਮੁਲਾਜਮ ਆਮ ਲੋਕਾਂ ਨੂੰ ਤੰਗ ਪਰੇਸਾਨ ਕਰੇਗਾ ਤਾਂ ਉਸ ਖਿਲਾਫ ਲੋਕ ਇਨਸਾਫ ਪਾਰਟੀ ਵੱਲੋਂ ਹਰਾਸਮੈਂਟ ਦਾ ਮੁਕੱਦਮਾਂ ਦਰਜ ਕਰਵਾਇਆ ਜਾਵੇਗਾ। ਜਿਥੇਂ ਕਿਤੇ ਵੀ ਬੈਕਾਂ ਵਾਲਿਆਂ ਵੱਲੋਂ ਆਮ ਲੋਕਾਂ ਨੂੰ ਤੰਗ ਕੀਤਾ ਜਾਵੇਗਾ ਤਾਂ ਉਨ੍ਹਾ ਮੁਲਾਜਮਾਂ ਨਾਲ ਲੜਨ ਦੀ ਬਜਾਏ ਤੁਰੰਤ ਆਡੀਓ ਜਾਂ ਵੀਡੀਓ ਬਣਾ ਕੇ ਬੈਂਕ ਵਾਲਿਆਂ ਦੇ ਖਿਲਾਫ ਕਨੂੰਨੀ ਕਾਰਵਾਈ ਕੀਤੀ ਜਾ ਸਕੇ।

ਓਹਨਾ ਅੱਗੇ ਬੈਕਾਂ ਵਾਲਿਆਂ ਨੂੰ ਸੂਚਿਤ ਕਰਦਿਆਂ ਕਿਹਾ ਕੇ ਲਾਕ ਡੌਨ ਖੁੱਲਣ ਤੋ ਬਾਅਦ ਇਹ ਮਜਦੂਰ ਲੋਕ ਮੇਹਨਤ ਮੁਸੱਕਤ ਕਰਕੇ ਤੁਹਾਡੇ ਪੈਸੇ ਹਰ ਹਾਲਤ ਵਿੱਚ ਵਾਪਸ ਕਰਨਗੇ ਕਿਉਕੇ ਗਰੀਬ ਕਦੇ ਵੀ ਕਿਸੇ ਦਾ ਪੈਸਾ ਨਹੀ ਮਾਰਦਾ। ਪਰ ਅੱਜ ਓਹ ਮਜਬੂਰ ਹਨ ਕਿਉਕੇ ਕੋਈ ਵੀ ਕੰਮ ਅਜੇ ਕਿਸੇ ਢੰਗ ਨਾਲ ਚੱਲ ਨਹੀ ਰਿਹਾ।

ਇਸ ਸਮੇਂ ਹੋਰਨਾ ਤੋ ਇਲਾਵਾ ਲੋਕ ਇਨਸਾਫ ਪਾਰਟੀ ਧਾਰਮਿਕ ਵਿੰਗ ਬਾਘਾਪੁਰਾਣਾ ਦੇ ਪ੍ਰਧਾਨ ਢਾਡੀ ਸਾਧੂ ਸਿੰਘ ਧੰਮੂ, ਲੋਕ ਇਨਸਾਫ ਪਾਰਟੀ ਬਾਘਾਪੁਰਾਣਾ ਦੇ ਪ੍ਰਧਾਨ ਗੁਰਮੇਲ ਸਿੰਘ ਕੋਮਲ ਲੰਡੇ, ਮਨਜੀਤ ਸਿੰਘ ਬੰਬ ਭਲੂਰ, ਲੋਕ ਇਨਸਾਫ ਪਾਰਟੀ ਬਾਘਾਪੁਰਾਣਾ ਦੇ ਮੀਤ ਪ੍ਰਧਾਨ ਜਗਸੀਰ ਸਿੰਘ ਚੰਨੂੰਵਾਲਾ, ਲੋਕ ਇਨਸਾਫ ਪਾਰਟੀ ਨਿਹਾਲ ਸਿੰਘ ਵਾਲਾ ਇਸਤਰੀ ਵਿੰਗ ਬੀਬੀ ਮਨਜੀਤ ਕੌਰ ਮਾਣੂਕੇ, ਲੋਕ ਇਨਸਾਫ ਪਾਰਟੀ ਨਿਹਾਲ ਸਿੰਘ ਵਾਲਾ, ਗੁਰਜੰਟ ਸਿੰਘ ਮਾਣੂਕੇ ਆਦਿ ਵਿਸ਼ੇਸ਼ ਤੌਰ ਤੇ ਪਹੁੰਚੇ।




## ਪੱਤਰਕਾਰ ਮੇਜਰ ਸਿੰਘ ਤੇ ਤਸ਼ੱਦਦ ਤੇ ਕਕਾਰਾਂ ਦੀ ਬੇਅਦਬੀ ਕਰਨ ਵਾਲੇ ਪੁਲਸ ਅਧਿਕਾਰੀਆਂ ਤੇ 295 ਏ ਤੋਂ ਇਲਾਵਾ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ -ਸੰਘਰਸ਼ਸ਼ੀਲ ਜੱਥੇਬੰਦੀਆਂ

### ਪੁਲਸ ਦੇ ਵਹਿਸ਼ੀਆਣਾ ਰਵੱਈਏ ਖਿਲਾਫ ਪੱਤਰਕਾਰ, ਧਾਰਮਿਕ, ਸਮਾਜਿਕ ਜਥੇਬੰਦੀਆਂ ਨੇ ਕੀਤਾ ਰੋਸ ਪ੍ਰਦਰਸ਼ਨ




ਮੋਗਾ / ਮਵਦੀਲਾ ਬਿਓਰੋ

ਚੰਡੀਗੜ, ਮੁਹਾਲੀ ਤੋਂ ਪਹਿਰੇਦਾਰ ਦੇ ਸੀਨੀਅਰ ਪੱਤਰਕਾਰ ਮੇਜਰ ਸਿੰਘ ਉੱਤੇ ਪੁਲਸ ਵੱਲੋਂ ਕੀਤੇ ਗਏ ਤਸ਼ੱਦਦ ਤੇ ਕਕਾਰਾਂ ਦੀ ਬੇਅਦਬੀ ਦੇ ਵਿਰੋਧ ਵਿੱਚ ਅੱਜ ਮੋਗਾ ਦੀਆਂ ਧਾਰਮਿਕ, ਸਮਾਜਿਕ ਜਥੇਬੰਦੀਆਂ ਤੇ ਪੱਤਰਕਾਰ ਭਾਈਚਾਰੇ ਵੱਲੋਂ ਮੋਗਾ ਦੇ ਨੇਚਰ ਪਾਰਕ ਵਿਖੇ ਮਨੁੱਖੀ ਦੂਰੀ ਨੂੰ ਕਾਇਮ ਰੱਖਦੇ ਹੋਏ ਮੂੰਹ ਤੇ ਮਾਸਕ ਪਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਰੋਸ ਪ੍ਰਦਰਸ਼ਨ ਵਿੱਚ ਡੀ.ਟੀ.ਐਫ ਦੇ ਸੂਬਾ ਪ੍ਰਧਾਨ ਦਿਗ ਵਿਜੇਪਾਲ, ਇੰਟਕ ਦੇ ਜਿਲ੍ਹਾ ਪ੍ਰਧਾਨ ਐਡਵੋਕੇਟ ਵਿਜੇ ਧੀਰ, ਲੋਕ ਸੰਗਰਾਮ ਮੰਚ ਦੇ ਸੂਬਾ ਪ੍ਰਧਾਨ ਤਾਰਾ ਸਿੰਘ, ਕਰਮਜੀਤ ਸਿੰਘ ਮਾਣੂੰਕੇ ਇਲਾਕਾ ਸਕੱਤਰ ਨੌਜਵਾਨ ਭਾਰਤ ਸਭਾ, ਬਲੌਰ ਸਿੰਘ ਘੱਲ ਕਲਾਂ ਬੀ.ਕੇ.ਯੂ ਏਕਤਾ ਉਗਰਾਹਾਂ, ਸ਼ਹੀਦ ਜੈਤਾ ਸਿੰਘ ਮਿਸ਼ਨ ਦੇ ਆਗੂ ਮਾਸਟਰ ਸੁਖਮੰਦਰ ਸਿੰਘ, ਨਸ਼ਾ ਵਿਰੋਧੀ ਸੰਸਥਾ ਦੇ ਮੁਖੀ ਸੁਖਵਿੰਦਰ ਸਿੰਘ ਆਜ਼ਾਦ, ਸਾਧੂ ਸਿੰਘ ਧੰਮੂ ਢਾਡੀ ਸਮਾਲਸਰ, ਦਰਸ਼ਨ ਸਿੰਘ ਤੂਰ ਜਮੂਹਰੀ ਅਧਿਕਾਰ ਸਭਾ, ਜਸਵਿੰਦਰ ਸਿੰਘ ਘੋਲੀਆ ਯੂਨਾਈਟਿਡ ਅਕਾਲੀ ਦਲ, ਕੁਲਵੰਤ ਸਿੰਘ ਰਾਮ ਰਾਮਗੜ੍ਹੀਆ ਬਸਪਾ, ਦਰਸ਼ਨ ਸਿੰਘ ਘੋਲੀਆ ਚਿੱਲੜ ਹੋਂਦ ਸੰਘਰਸ਼ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਿਲ੍ਹਾ ਪ੍ਰਧਾਨ ਬਲਰਾਜ ਸਿੰਘ ਖ਼ਾਲਸਾ ਨੇ ਕਿਹਾ ਕਿ ਸਰਕਾਰਾਂ ਵਲੋਂ ਪੁਲਸੀਏ ਤੰਤਰ ਰਾਂਹੀ ਲੋਕਾਂ ਦੀ ਹੱਕਾਂ ਤੇ ਸੰਘਰਸ਼ ਸ਼ੀਲ ਜੱਥੇਬੰਦੀਆਂ ਦੀ ਅਵਾਜ਼ ਬੁਲੰਦ ਕਰਨ ਵਾਲੇ ਪੱਤਰਕਾਰਾਂ ਨੂੰ ਵੀ ਨਿਸ਼ਾਨੇ ਬਣਾਕੇ ਜਿਥੇ ਉਨ੍ਹਾ ਦੀ ਅਵਾਜ਼ ਨੂੰ ਦਬਾਉਣ ਲਈ ਕਤਲ ਤੱਕ ਕਰਵਾਏ ਜਾਂਦੇ ਹਨ ਉਥੇ ਹੀ ਉਨ੍ਹਾ ਤੇ ਅਣਮਨੁੱਖੀ ਤਸ਼ੱਦਦ ਕਰਕੇ ਉਨ੍ਹਾ ਨੂੰ ਆਪਣੇ ਨਿਸ਼ਾਨੇ ਤੋਂ ਥਿੜਕਾਉਣ ਦੀਆਂ ਕੋਝੀਆਂ ਸਾਜਸ਼ਾਂ ਰਚੀਆਂ ਜਾ ਰਹੀਆਂ ਹਨ।

ਉਨ੍ਹਾ ਕਿਹਾ ਕਿ ਇਸੇ ਕੜੀ ਤਹਿਤ ਹੀ ਚੰਡੀਗੜ ਦੇ ਦੋ ਧਿਰਾਂ ਦੇ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੇ ਵਿਵਾਦ ਦੀ ਪੱਤਰਕਾਰ ਮੇਜਰ ਸਿੰਘ ਵਲੋਂ ਰਿਪੋਟਿੰਗ ਕਰਨ ਦੇ ਮੰਤਵ ਨਾਲ ਉਥੇ ਪੁੱਜੇ ਤਾਂ ਦੋ ਥਾਣੇਦਾਰਾਂ ਵਲੋਂ ਜਿਥੇ ਉਨ੍ਹਾ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਉਥੇ ਹੀ ਉਸ ਅਮ੍ਰਿਤਧਾਰੀ ਸਿੱਖ ਦੇ ਕਕਾਰਾਂ ਦੀ ਬੇਅਦਬੀ ਵੀ ਕੀਤੀ ਗਈ। ਉਨ੍ਹਾ ਕਿਹਾ ਕਿ ਭਾਵੇ ਉਨ੍ਹਾ ਪੁਲਸ ਅਧਿਕਾਰੀਆਂ ਨੂੰ ਮੁਅਤਲ ਕਰਨ ਦੀ ਗੱਲ ਕੀਤੀ ਗਈ ਹੈ ਪਰ ਸਮੂਹ ਪੰਜਾਬ ਦੀਆਂ ਸੰਘਰਸ਼ਸ਼ੀਲ ਜੱਥੇਬੰਦੀਆਂ ਨੂੰ ਇਹ ਮਨਜ਼ੂਰ ਨਹੀਂ। ਉਨ੍ਹਾ ਕਿਹਾ ਕਿ ਦੋਹਾਂ ਥਾਣੇਦਾਰਾਂ ਤੇ ਹੋਰ ਪੁਲਸ ਕਰਮਚਾਰੀਆਂ ਵਲੋਂ ਜਿਨ੍ਹਾ ਵਲੋਂ ਮੇਜਰ ਸਿੰਘ ਦੀ ਕੁੱਟਮਾਰ ਤੇ ਕਕਾਰਾਂ ਦੀ ਬੇ-ਅਦਬੀ ਕੀਤੀ ਗਈ ਹੈ ਉਨ੍ਹਾ ਖਿਲਾਫ 295 ਏ ਤੋਂ ਇਲਾਵਾ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ। ਜੇਕਰ ਪੰਜਾਬ ਪੁਲਸ ਦੇ ਮੁੱਖੀ ਵਲੋਂ ਤਸ਼ੱਦਦ ਕਰਨ ਵਾਲੇ ਪੁਲਸ ਅਧਿਕਾਰੀਆਂ ਖਿਲਾਫ ਮਾਮਲਾ ਦਰਜ ਨਾ ਕੀਤਾ ਗਿਆ ਤਾਂ ਸਮੁੱਚੇ ਪੰਜਾਬ ਵਿੱਚ ਸਾਰੀਆਂ ਜੱਥੇਬੰਦੀਆਂ ਵਲੋਂ ਸਾਂਝੇ ਤੌਰ ਤੇ ਤਿੱਖਾ ਸੰਘਰਸ਼ ਵਿਢਿਆ ਜਾਵੇਗਾ।

ਪ੍ਰਦਰਸ਼ਨ ਦੌਰਾਨ ਬੀ.ਕੇ.ਯੂ ਕਾਦੀਆਂ ਦੇ ਜਨਰਲ ਸਕੱਤਰ ਗੁਲਜਾਰ ਸਿੰਘ ਘੱਲਕਲਾਂ, ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ, ਜਗਜੀਤ ਸਿੰਘ ਖੋਸਾ ਜਿਲ੍ਹਾ ਜਥੇਦਾਰ ਦਲ ਖ਼ਾਲਸਾ, ਪੀ ਐੱਸ ਐੱਸ ਐੱਫ ਰਜਿੰਦਰ ਰਿਆੜ, ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਆਗੂ ਵਿੱਕੀ ਮਹੇਸਰੀ, ਆਲ ਇੰਡੀਆ ਸੁਖਜਿੰਦਰ ਮਹੇਸਰੀ, ਬਲਜੀਤ ਸਿੰਘ ਖ਼ਾਲਸਾ ਸਰਪ੍ਰਸਤ ਸਤਿਕਾਰ ਕਮੇਟੀ, ਬਲਕਰਨ ਸਿੰਘ ਢਿੱਲੋਂ, ਭਾਈ ਰਣਜੀਤ ਸਿੰਘ ਲੰਗੇਆਣਾ, ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ ਮਹਿਕ ਵਤਨ ਦੀ), ਪੱਤਰਕਾਰ ਮਹਿੰਦਰ ਸਿੰਘ ਰੱਤੀਆਂ, ਅਮਰਜੀਤ ਸਿੰਘ ਬੱਬਰੀ, ਪੱਤਰਕਾਰ ਰਾਜਿੰਦਰ ਸਿੰਘ ਕੋਟਲਾ, ਪੱਤਰਕਾਰ ਗੁਰਮੀਤ ਸਿੰਘ ਸ਼ੂਕਾ, ਪੱਤਰਕਾਰ ਡਾ. ਕੁਲਵੰਤ ਸਿੰਘ ਖੋਸਾ ਕੋਟਲਾ, ਪੱਤਰਕਾਰ ਸਤਨਾਮ ਸਿੰਘ ਫਤਿਹਗੜ ਪੰਜਤੂਰ, ਜੋਗਿੰਦਰ ਸਿੰਘ ਮੋਗਾ, ਸਰਬਜੀਤ ਸਿੰਘ ਰੌਲੀ, ਨਵਦੀਪ ਮਹੇਸ਼ਰੀ, ਕੁਲਵਿੰਦਰ ਸਿੰਘ ਸੋਨੂੰ, ਵਕੀਲ ਮਹਿਰੋਂ, ਵਿਪਨ ਉਕਾੜਾ, ਜੋਗਿੰਦਰ ਸਿੰਘ ਗਿੱਲ, ਗੁਰਦੇਵ ਸਿੰਘ ਭੰਮ, ਸੋਨੂੰ, ਦੀਪਕ ਸਿੰਗਲਾ, ਹਰਜੀਤ ਸਿੰਘ ਵਲੋਂ ਇਲਾਵਾ ਵੱਡੀ ਗਿਣਤੀ ਵਿੱਚ ਵੱਖ-ਵੱਖ ਜੱਥੇਬੰਦੀਆਂ ਦੇ ਆਗੂ ਮੌਜੂਦ ਸਨ।

ਇਸ ਰੋਸ ਪ੍ਰਦਰਸ਼ਨ 'ਚ ਮੰਚ ਦਾ ਸੰਚਾਲਨ ਆਲ ਇੰਡੀਆ ਸਟੂਡੈਂਟ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਮੋਹਨ ਸਿੰਘ ਔਲਖ ਬਖੂਬੀ ਕੀਤਾ ਗਿਆ। ਅੰਤ ਵਿੱਚ ਸਮੁੱਚੀਆਂ ਜੱਥੇਬੰਦੀਆਂ ਵਲੋਂ ਮੁੱਖ ਮੰਤਰੀ ਪੰਜਾਬ ਤੇ ਪੁਲਸ ਮੁੱਖੀ ਪੰਜਾਬ ਦੇ ਨਾਮ ਤੇ ਮੌਕੇ ਤੇ ਪੁੱਜੇ ਐਸ.ਡੀ.ਐਮ ਮੋਗਾ ਸਤਵੰਤ ਸਿੰਘ ਨੂੰ ਮੰਗ ਪੱਤਰ ਸੌਂਪਿਆ ਗਿਆ।



## ਟਿੱਡੀ ਦਲ ਦੇ ਹਮਲੇ ਨੂੰ ਰੋਕਣ ਲਈ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ, ਇਸ ਨਾਲ ਨਿਪਟਣ ਲਈ ਕੀਤੇ ਪੁਖਤਾ ਪ੍ਰਬੰਧ -ਡਿਪਟੀ ਕਮਿਸ਼ਨਰ



ਮੋਗਾ/ ਭਵਨਦੀਪ ਸਿੰਘ ਪੁਰਬਾ

ਰਾਜਸਥਾਨ ਵਿੱਚ ਟਿੱਡੀ ਦਲ ਦੇ ਹੋਏ ਹਮਲੇ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਮੋਗਾ ਵੱਲੋ ਇਸ ਨਾਲ ਨਿਪਟਣ ਲਈ ਮੁਕੰਮਲ ਤਿਆਰੀ ਕਰ ਲਈ ਗਈ ਹੈ। ਟਿੱਡੀ ਦਲ ਨਾਲ ਨਿਪਟਣ ਅਤੇ ਇਸ ਨੂੰ ਰੋਕਣ ਦੇ ਮੰਤਵ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋ ਅਗਾਂਊ ਤਿਆਰੀਆਂ ਦੇ ਮਕਸਦ ਨਾਲ ਅੱਜ ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸੰਦੀਪ ਹੰਸ ਨੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਦੀ ਮੀਟਿੰਗ ਬੁਲਾਈ।

ਮੀਟਿੰਗ ਵਿੱਚ ਟਿੱਡੀ ਦਲ ਦੇ ਹਮਲੇ ਸਬੰਧੀ ਵਿਸਤ੍ਰਿਤ ਵਿਚਾਰ ਵਟਾਂਦਰਾ ਕਰਦਿਆਂ ਸ੍ਰੀ ਸੰਦੀਪ ਹੰਸ ਨੇ ਕਿਹਾ ਕਿ ਬਲਾਕ ਪੱਧਰ ਤੇ ਕਮੇਟੀਆਂ ਦਾ ਗਠਨ ਅਤੇ ਡਿਊਟੀਆਂ ਦੀ ਰੂਪ ਰੇਖਾ ਤਿਆਰ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਟਿੱਡੀ ਦਲ ਦੇ ਹਮਲੇ ਸਬੰਧੀ ਲੋੜੀਦੇ ਸਪਰੇਅ ਪੰਪਾਂ ਅਤੇ ਹੋਰ ਮਸ਼ੀਨਰੀ ਸਬੰਧੀ ਡੀ.ਆਰ. ਕੋਆਪ੍ਰੇਟਿਵ ਸੋਸਾਇਟੀਜ਼ ਨੂੰ ਪਾਬੰਦ ਕਰ ਦਿੱਤਾ ਗਿਆ ਹੈ।

ਡਿਪਟੀ ਕਮਿਸ਼ਨਰ ਵੱਲੋ ਮੀਟਿੰਗ ਵਿੱਚ ਸਮੂਹ ਉਪ ਮੰਡਲ ਮੈਜਿਸ-ਟ੍ਰੇਟਸ ਨੂੰ ਫਾਇਰਬ੍ਰਿਗੇਡ ਦੀਆਂ ਗੱਡੀਆਂ ਹਮੇਸ਼ਾ ਤਿਆਰ ਰੱਖਣ ਲਈ ਕਿਹਾ ਗਿਆ। ਪੁਲਿਸ ਵਿਭਾਗ ਨੂੰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣ ਅਤੇ ਅਪ੍ਰੇਸ਼ਨ ਦੌਰਾਨ ਸਰਚ ਲਾਈਟਾਂ ਦੇ ਪੁਖਤਾ ਇੰਤਜਾਮਾਂ ਸਬੰਧੀ ਪਾਬੰਦ ਕੀਤਾ ਗਿਆ ਹੈ।

ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਹਰ ਪਿੰਡ ਵਿੱਚ ਘੱਟੋ ਘੱਟ 15 ਰਿਸ਼ਟ ਪੁਸ਼ਟ ਨਰੇਗਾ ਮਜ਼ਦੂਰ ਤਿਆਰ ਰੱਖਣਗੇ ਤਾਂ ਜੋ ਜਰੂਰਤ ਸਮੇ ਲੇਬਰ ਦੀ ਸਹਾਇਤ ਲਈ ਜਾ ਸਕੇ। ਮਾਰਕਿਟ ਕਮੇਟੀਆਂ ਦੇ ਮੁਲਾਜ਼ਮ ਹਮੇਸ਼ਾ ਪਾਣੀ ਵਾਲੀਆਂ ਭਰੀਆਂ ਟੈਕੀਆਂ ਅਤੇ ਟਿਊਬਵੈਲਾਂ ਤੋ ਪਾਣੀ ਭਰਨ ਸਬੰਧੀ ਲੋੜਦੇ ਸਮਾਨ ਦਾ ਇੰਤਜਾਮ ਕਰੇਗੀ।

ਉਨ੍ਹਾਂ ਕਿਹਾ ਕਿ ਟਿੱਡੀ ਦਲ ਦੇ ਹਮਲੇ ਨੂੰ ਰੋਕਣ ਲਈ ਹਰ ਪਿੰਡ ਵਿੱਚ ਇੱਕ ਪਿੰਡ ਪੱਧਰ ਦੀ ਟੀਮ ਦਾ ਗਠਨ ਕੀਤਾ ਜਾਵੇਗਾ ਜਿਸ ਵਿੱਚ ਪੰਚਾਇਤ ਸਕੱਤਰ ਤੋ ਇਲਾਵਾ ਪਿੰਡ ਦਾ ਸਰਪੰਚ ਅਤੇ ਹੋਰ ਜਿੰਮੇਵਾਰ ਵਿਅਕਤੀ ਸ਼ਾਮਿਲ ਹੋਣਗੇ। ਆਪ੍ਰੇਸ਼ਨ ਮੌਕੇ ਸਿਹਤ ਵਿਭਾਗ ਵੱਲੋ ਮਾਹਿਰ ਡਾਕਟਰਾਂ ਦੀਆਂ ਟੀਮਾਂ ਭੇਜੀਆਂ ਜਾਣਗੀਆਂ ਤਾਂ ਜੋ ਜੇਕਰ ਕੀਟਨਾਸ਼ਕ ਦਾ ਅਸਰ ਕਿਸੇ ਵੀ ਵਿਅਕਤੀ ਨੂੰ ਹੁੰਦਾ ਹੈ ਤਾਂ ਤੁਰੰਤ ਡਾਕਟਰੀ ਸਹਾਇਤਾ ਮੁਹੱਈਆ ਕਰਵਾਈ ਜਾ ਸਕੇ। ਹਰ ਤਹਿਸੀਲ ਦੇ ਕਾਰਜਸਾਧਕ ਅਫ਼ਸਰ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਪਾਸ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅਤੇ ਲੋੜੀਦਾ ਸਟਾਫ ਹਮੇਸ਼ਾ ਤਿਆਰ ਬਰ ਤਿਆਰ ਰਹੇਗਾ।

ਡਿਪਟੀ ਕਮਿਸ਼ਨਰ ਮੋਗਾ ਨੇ ਸਮੂਹ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਟਿੱਡੀ ਦਲ ਦੇ ਹਮਲੇ ਲਈ ਪੂਰੀ ਤਰ੍ਹਾਂ ਤਿਆਰੀ ਕੀਤੀ ਜਾਵੇ ਅਤੇ ਜੇਕਰ ਕਿਸੇ ਕਿਸਮ ਦੀ ਸਮੱਸਿਆ ਉਤਪੰਨ ਹੁੰਦੀ ਹੈ ਤਾਂ ਤੁਰੰਤ ਢੁੱਕਵੀ ਕਾਰਵਾਈ ਕਰਦੇ ਹੋਏ ਪ੍ਰਸ਼ਾਸ਼ਨ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਆਪ੍ਰੇਸ਼ਨ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਇਸ ਮੌਕੇ ਉਨ੍ਹਾਂ ਨੇ ਜ਼ਿਲ੍ਹੇ ਦੇ ਹਰ ਕਿਸਾਨ, ਸਵੈ ਸੇਵੀ ਜਥੇਬੰਦੀਆਂ ਨੂੰ ਇਸ ਪ੍ਰਤੀ ਸੁਚੇਤ ਰਹਿਣ ਅਤੇ ਸਹਿਯੋਗ ਦੇਣ ਦੀ ਅਪੀਲ ਕੀਤੀ।

ਮੀਟਿੰਗ ਦੌਰਾਨ ਮੁੱਖ ਖੇਤੀਬਾੜੀ ਅਫ਼ਸਰ ਮੋਗਾ ਡਾ. ਬਲਵਿੰਦਰ ਸਿੰਘ ਨੇ ਦੱਸਿਆ ਕਿ ਵਿਭਾਗ ਕੋਲ ਟਿੱਡੀ ਦਲ ਦੀ ਰੋਕਥਾਮ ਲਈ ਕੀਟਨਾਸ਼ਨ ਸਟਾਕ ਵਿੱਚ ਮੌਜੂਦ ਹਨ ਜੋ ਲੋੜ ਪੈਣ ਤੇ ਤੁਰੰਤ ਵਰਤ ਲਏ ਜਾਣਗੇ। ਮੀਟਿੰਗ ਵਿੱਚ ਸਹਾਇਕ ਪੌਦਾ ਸੁਰੱਖਿਆ ਅਫ਼ਸਰ, ਮੋਗਾ ਡਾ. ਜਸਵਿੰਦਰ ਸਿੰਘ ਬਰਾੜ ਨੇ ਟਿੱਡੀ ਦਲ ਦੇ ਹਮਲੇ ਅਤੇ ਇਸ ਦੀ ਰੋਕਥਾਮ ਸਬੰਧੀ ਵਰਤੇ ਜਾਣ ਵਾਲੇ ਢੰਗਾਂ ਬਾਰੇ ਜਾਣੂੰ ਕਰਵਾਇਆ। ਉਨ੍ਹਾਂ ਕਿਹਾ ਕਿ ਜੇਕਰ ਟਿੱਡੀ ਦਲ ਦਿਨ ਸਮੇ ਆਉਦਾ ਹੈ ਤਾਂ ਖੜਕਾ ਕਰਕੇ ਇਸ ਨੂੰ ਟਾਲਿਆ ਜਾ ਸਕਦਾ ਹੈ ਅਤੇ ਜੇਕਰ ਇਹ ਹਮਲਾ ਸ਼ਾਮ 4 ਵਜੇ ਤੋ ਬਾਅਦ ਹੁੰਦਾ ਹੈ ਤਾਂ ਖੜਕਾ ਨਾ ਕੀਤਾ ਜਾਵੇ ਅਤੇ ਇਸ ਨੂੰ ਬੈਠਣ ਦਿੱਤਾ ਜਾਵੇ ਤਾਂ ਜੋ ਰਾਤ ਦੇ ਆਪ੍ਰੇਸ਼ਨ ਸਮੇ ਇਸ ਨੂੰ ਮਾਰਿਆ ਜਾ ਸਕੇ।

ਇਸ ਮੀਟਿੰਗ ਵਿੱਚ ਐਸ.ਪੀ.(ਹੈਡ) ਡਾ. ਜਸਵੰਤ ਸਿੰਘ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਜਗਜੀਵਨ ਸਿੰਘ ਬੱਲ, ਮੁੱਖ ਖੇਤੀਬਾੜੀ ਅਫਸ਼ਰ ਡਾ. ਬਲਵਿੰਦਰ ਸਿੰਘ, ਏ.ਡੀ.ਓ. ਮੋਗਾ ਡਾ. ਅਮਰਜੀਤ ਸਿੰਘ, ਏ.ਸੀ.ਐਸ. ਸਿਹਤ ਵਿਭਾਗ ਮੋਗਾ ਡਾ. ਜਸਵੰਤ ਸਿੰਘ, ਐਸ.ਡੀ.ਐਸ.ਸੀ.ਓ. ਸ੍ਰੀ ਸੰਦੀਪ ਸਿੰਘ, ਡਿਪਟੀ ਰਜਿਸਟਰਾਰ ਕੋਆਪ੍ਰੇਟਿਵ ਸੋਸਾਇਟੀਜ਼ ਸ੍ਰੀ ਕੁਲਦੀਪ ਕੁਮਾਰ, ਕਾਰਜਕਾਰੀ ਇੰਜੀਨੀਅਰ ਚਮਕੌਰ ਸਿੰਘ, ਕਾਰਜਕਾਰੀ ਇੰਜੀਨੀਅਰ ਕੋਟ ਈਸੇ ਖਾਂ ਜਗਜੀਤ ਸਿੰਘ, ਡੀ.ਐਮ.ਓ. ਜਸਵਿੰਦਰ ਸਿੰਘ, ਵਧੀਕ ਨਿਗਰਾਨ ਇੰਜੀਨੀਅਰ ਅਮਰਜੀਤ ਸਿੰਘ, ਕਾਰਜਕਾਰੀ ਇੰਜੀ: ਰਜਿੰਦਰ ਸਿੰਘ, ਸਹਾਇਕ ਡਾਇਰੈਕਟਰ ਬਾਗਬਾਨੀ ਮੋਗਾ ਮਲਕੀਤ ਸਿੰਘ, ਐਸ.ਡੀ.ਓ. ਬਾਘਾਪੁਰਾਣਾ ਸਤਵਿੰਦਰ ਸਿੰਘ, ਕਾਰਜ ਕਾਰੀ ਇੰਜ: ਬੱਧਨੀ ਕਲਾਂ ਧਰਮਕੋਟ ਦਵਿੰਦਰ ਸਿੰਘ ਤੂਰ, ਡਿਪਟੀ ਡਾਇਰੈਟਰ ਪਸ਼ੂ ਪਾਲਣ ਡਾ. ਸੁਭਾਸ਼ ਚੰਦਰ, ਐਸ.ਸੀ. ਧਰਮਕੋਟ ਸ਼ਿਖਾ, ਡਿਪਟੀ ਡਾਇਰੈਕਟਰ ਕ੍ਰਿਸ਼ੀ ਵਿਗਿਆਨ ਕੇਦਰ ਡਾ. ਅਮਨਦੀਪ ਸਿੰਘ ਬਰਾੜ ਮੌਜੂਦ ਸਨ।